ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 1 ਨਵੰਬਰ, 1998

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਚੇਤਨਾ ਦਾ ਸਫ਼ਰ

ਸਮਾਜਿਕ ਚੇਤਨਾ ਜਾਂ ਕਹਿ ਲਵੋ ਰਾਜਸੀ ਚੇਤਨਾ ਦੇ ਚਾਰ ਪੜਾਅ ਹਨ। ਪਹਿਲਾ ਪੜਾਅ ਹੈ ਕਿ ਸਧਾਰਨ ਵਿਅਕਤੀ ਨੂੰ ਇਹ ਅਹਿਸਾਸ ਹੋਵੇ ਕਿ ਜਿਸ ਸਮਾਜ ਵਿਚ ਅਸੀਂ ਜੀਅ ਰਹੇ ਹਾਂ, ਇਹ ਅਣਖ ਵਾਲੇ ਬੰਦੇ ਦੇ ਜੀਣ ਦੇ ਯੋਗ ਨਹੀਂ। ਦੂਜਾ ਪੜਾਅ ਹੈ ਕਿ ਜਾਣਿਆ ਜਾਏ ਕਿ ਇਹ ਕਿਉਂ ਜੀਣ ਦੇ ਯੋਗ ਨਹੀਂ? ਕੀ ਕਾਰਨ ਹਨ? ਤੀਜਾ ਪੜਾਅ ਹੈ ਜਦ ਕਾਰਨ ਪਤਾ ਲੱਗ ਗਏ ਹਨ ਤਾਂ ਸੰਘਰਸ਼ ਕਰਕੇ ਹਾਲਾਤ ਦੇ ਬਦਲਣ ਵੱਲ ਤੁਰਿਆ ਜਾਏ ਅਤੇ ਚੌਥਾ ਪੜਾਅ ਸਰਗਰਮ ਸਿਆਸਤ ਦਾ ਹੈ। ਸਾਡੇ ਲੋਕ ਚੇਤਨਾ ਦੇ ਇਸ ਸਫ਼ਰ ਵਿਚ ਵੱਖ-ਵੱਖ ਪੜਾਵਾਂ ਤੇ ਖਲੋਤੇ ਹਨ। ਸਮਾਜਿਕ ਤਬਦੀਲੀ ਦੇ ਵਚਨਬੱਧ ਵਿਅਕਤੀਆਂ ਲਈ ਇਹਨਾਂ ਪੜਾਵਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਬਹੁਤੀ ਖਲਕਤ ਨੂੰ ਇਹ ਅਹਿਸਾਸ ਹੀ ਨਹੀਂ ਕਿ ਜਿਹੜਾ ਜੀਣਾ ਜੀਆ ਜਾ ਰਿਹਾ ਹੈ ਉਹ ਬਦਲਣਾ ਚਾਹੀਦਾ ਹੈ। ਉਸਨੇ ਇਸ ਸਾਰੇ ਵਰਤਾਰੇ ਨੂੰ ਰੱਬ ਦਾ ਭਾਣਾ ਮੰਨਕੇ ਸਵੀਕਾਰ ਕੀਤਾ ਹੋਇਆ ਹੈ। ਵਕਤ-ਕੱਟੀ ਹੀ ਉਹਨਾਂ ਦਾ ਫ਼ਿਕਰ ਹੈ। ਮੌਜੂਦਾ ਧਾਰਮਕ ਪਰਚਾਰ ਖਾਸ ਕਰਕੇ ਜਿਹੜਾ ਧਾਰਮਕ ਅਸਥਾਨਾਂ ਤਕ ਮਹਿਦੂਦ ਨਹੀਂ ਸਗੋਂ ਹੁਣ ਪਾਰਕਾਂ ਤੋਂ ਸੜਕਾਂ 'ਤੇ ਆ ਗਿਆ ਹੈ, ਕੀਰਤਨ ਦਰਬਾਰ, ਰੂਹਾਨੀ ਦਰਬਾਰ, ਗੁਰਮਤਿ ਚੇਤਨਾ ਮਾਰਚ, ਡੇਰੇ ਵਾਲੇ ਬਾਬਿਆਂ ਦਾ ਪਰਚਾਰ, ਸੱਚਾ ਸੌਦਾ ਵਾਲੇ, ਨਾਨਕਸਰ ਵਾਲੇ, ਰਾਧਾ ਸੁਆਮੀ, ਨਿਰੰਕਾਰੀ, ਨਾਮਧਾਰੀ ਦਰਬਾਰ ਸਭ, ਇਹੀ ਦਿਲਚਸਪੀ ਰੱਖਦੇ ਹਨ ਕਿ ਸਾਧਾਰਨ ਬੰਦਾ ਜਿਉਂ ਦਾ ਤਿਉਂ ਜੀਂਦਾ ਰਹੇ ਅਤੇ ਸਬਰ-ਸੰਤੋਖ ਨਾਲ ਰੱਬ ਦਾ ਨਾਂ ਜਪਦਾ ਰਹੇ ਤੇ ਨਾਮ ਨੂੰ ਗ੍ਰਹਿਣ ਕਰੇ। ਸਮਾਜ ਦੀ ਇਹੀ ਅਵਸਥਾ ਰਹੇ। ਇਹ ਫਲਸਫ਼ਾ ਸਮਾਜ ਦੇ ਵੱਡੇ ਲੋਕਾਂ ਨੂੰ ਜੋ ਅਯਾਸ਼ੀ ਦੇ ਸਭ ਸਾਧਨ ਸਾਂਭੀ ਫਿਰਦੇ ਨੇ, ਉਹਨਾਂ ਨੂੰ ਬੜਾ ਪੁੱਗਦਾ ਹੈ। ਲੋਕਾਂ ਨੂੰ ਇਸ ਅਵਸਥਾ ਵਿਚੋਂ ਕੱਢਣ ਲਈ ਤਰਕਸ਼ੀਲ ਲਹਿਰ ਬਹੁਤ ਕਾਰਗਰ ਭੂਮਿਕਾ ਨਿਭਾ ਸਕਦੀ ਹੈ। ਵਹਿਮਾਂ-ਭਰਮਾਂ ਤੋਂ ਛੁਟਕਾਰਾ ਦਿਵਾਉਣ ਦੇ ਨਾਲ-ਨਾਲ ਉਹ ਲੋਕਾਂ ਨੂੰ, ਅਹਿਸਾਸ ਦਿਵਾ ਸਕਦੀ ਹੈ ਕਿ ਇਹ ਗਰੀਬੀ, ਲਾਚਾਰੀ ਉਹਨਾਂ ਦੀ ਕਿਸਮਤ ਨਹੀਂ, ਸਗੋਂ ਗਰੀਬ-ਦੁਸ਼ਮਣ ਸਮਾਜਕ ਅਤੇ ਰਾਜਸੀ ਵਰਤਾਰੇ ਦੀ ਦੇਣ ਹੈ। ਤਰਕਸ਼ੀਲ ਲਹਿਰ ਚੇਤਨਾ ਦੇ ਸਫ਼ਰ ਦਾ ਜ਼ਰੂਰੀ ਭਾਗ ਹੈ।

ਚੇਤਨਾ ਦਾ ਦੂਜਾ ਪੜਾਅ ਉਹ ਪੜ੍ਹਾਈ ਹੈ ਕਿ ਇਸ ਵਰਤਾਰੇ ਦੀਆਂ ਜ਼ਿੰਮੇਵਾਰ ਕਿਹੜੀਆਂ ਸ਼ਕਤੀਆਂ ਹਨ? ਸਮਾਜ ਵਿਚ ਇਹ ਕਿਹੋ ਜਿਹਾ ਅਰਥਚਾਰਾ ਹੈ, ਜੋ ਮਿਹਨਤ ਕਰਨ ਵਾਲਿਆਂ ਦੀ ਲੁੱਟ ਕਰਦਾ ਹੈ? ਸਾਰੇ ਦੁੱਖਾਂ ਰੋਗਾਂ ਦਾ ਜ਼ਿੰਮੇਵਾਰ ਕੌਣ ਹੈ? ਇਸ ਪੜ੍ਹਾਈ ਵਿਚ ਮਾਰਕਸੀ ਵਿਚਾਰਧਾਰਾ ਦੀ ਜਾਣਕਾਰੀ ਚੇਤਨਾ ਦੀ ਕੁੰਜੀ ਹੈ। ਇਹ ਸੂਝ ਅਤੇ ਜਾਣਕਾਰੀ ਚੇਤਨ ਲੋਕਾਂ ਨੂੰ, ਜਿਹਨਾਂ ਵਿਚ ਮੁੱਖ ਤੌਰ ਤੇ ਵਿਦਿਆਰਥੀ ਅਤੇ ਨੌਜਵਾਨ ਵਰਗ ਸ਼ਾਮਲ ਹੈ, ਸਥਾਪਤ ਧਾਰਮਕ ਵਰਤਾਰੇ ਨਾਲ ਵਿਰੋਧ ਵਿਚ ਆਂਦੀ ਹੈ। ਭਗਤ ਸਿੰਘ ਦੀ ਕਲਾਸਕੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ' ਇਸੇ ਵਿਰੋਧਤਾਈ ਨੂੰ ਪੇਸ਼ ਕਰਦੀ ਹੈ। ਕਮਿਊਨਿਸਟ ਲਹਿਰ ਨਾਲ ਜੁੜੇ ਅਧਿਆਪਕ ਭਾਵੇਂ ਉਹ ਡਿਊਟੀ ਤੇ ਹਨ ਜਾਂ ਰਿਟਾਇਰ ਹੋ ਚੁੱਕੇ ਹਨ, ਇਸ ਪੜ੍ਹਾਈ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਉਹਨਾਂ ਕੋਲੋਂ ਟਰੇਡ ਯੂਨੀਅਨ ਵਾਲੇ ਕੰਮ ਹੀ ਨਾ ਲਏ ਜਾਣ, ਸਗੋਂ ਉਹ ਜਦੋਂ ਰਿਟਾਇਰ ਵੀ ਹੋ ਜਾਣ ਤਾਂ ਇਹ ਪੜ੍ਹਾਈ ਵਾਲੇ ਕੰਮ ਵਿਚ ਅਹਿਮ ਭੂਮਿਕਾ ਨਿਭਾਉਣ। ਪਿੰਡ ਦੀਆਂ ਸੱਥਾਂ ਵਿਚ ਬੈਠਣ, ਵਿਹੜਿਆਂ ਵਿਚ ਜਾ ਕੇ ਅਖ਼ਬਾਰ ਦੀਆਂ ਖ਼ਬਰਾਂ ਪੜ੍ਹਦੇ ਇਹ ਕੰਮ ਕਰਨ। ਇਸ ਪੜ੍ਹਾਈ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਜ਼ਰੂਰੀ ਹੈ। ਸਾਹਿਤ ਸਮਾਗਮ, ਨਾਟਕ ਸਮਾਗਮ ਵੀ ਇਸ ਪ੍ਰਸੰਗ ਵਿਚ ਆਪਣੀ ਭੂਮਿਕਾ ਨਿਭਾ ਸਕਦੇ ਹਨ। ਸਾਹਿਤਕ ਲਹਿਰ ਦੀ ਆਪਣੀ ਅਹਿਮੀਅਤ ਹੈ।

ਚੇਤਨਾ ਦਾ ਅਗਲਾ ਪੜਾਅ ਹੈ, ਸੰਘਰਸ਼। ਜਦੋਂ ਇਹ ਸਮਝ ਲੱਗ ਜਾਏ ਕਿ ਇਹ ਵਰਤਾਰਾ ਜੀਣ ਦੇ ਯੋਗ ਨਹੀਂ ਅਤੇ ਇਹ ਵੀ ਸਮਝ ਲੱਗ ਜਾਏ ਕਿ ਇਹ ਯੋਗ ਕਿਉਂ ਨਹੀਂ, ਤਾਂ ਵਰਤਾਰੇ ਨੂੰ ਬਦਲਣ ਦੀ ਲੋੜ ਹੈ। ਇਥੇ ਅਵਾਮੀ ਜਥੇਬੰਦੀਆਂ ਦੀ ਭੂਮਿਕਾ ਆਂਦੀ ਹੈ। ਆਪਣੇ-ਆਪਣੇ ਵਰਗ ਦੀ ਬੇਹਤਰੀ ਲਈ ਸੰਘਰਸ਼ ਕਰਨਾ, ਚੰਗੀ ਰੋਟੀ, ਕਪੜੇ, ਮਕਾਨ ਲਈ ਸੰਘਰਸ਼ ਕਰਨਾ ਚੇਤਨਾ ਦਾ ਬਹੁਤ ਜ਼ਰੂਰੀ ਪੜਾਅ ਹੈ। ਲੋਕ ਆਪਣੀ ਰੋਜ਼ ਦੀ ਜ਼ਿੰਦਗੀ ਵਿਚੋਂ ਹੀ ਸਿੱਖ ਸਕਦੇ ਹਨ। ਮਜ਼ਦੂਰ, ਮੁਲਾਜ਼ਮ, ਕਿਸਾਨ ਜਥੇਬੰਦੀਆਂ ਦੀ ਭੂਮਿਕਾ ਇਸ ਪੜਾਅ ਦਾ ਜ਼ਰੂਰੀ ਅੰਗ ਹਨ।

ਚੇਤਨਾ ਦਾ ਚੌਥਾ ਪੜਾਅ ਸਿਆਸੀ ਸਰਗਰਮੀ ਹੈ। ਇਹ ਜਾਣਦਿਆਂ ਹੋਇਆਂ ਕਿ ਸਾਰੇ ਵਰਤਾਰੇ ਨੂੰ ਬੁਨਿਆਦੀ ਤੌਰ 'ਤੇ ਬਦਲਣ ਤੋਂ ਸਿਵਾ ਮਿਹਨਤਕਸ਼ ਅਤੇ ਗਰੀਬ ਲੋਕਾਂ ਦੀ ਮੁਕਤੀ ਨਹੀਂ ਹੋ ਸਕਦੀ ਲੋਕਾਂ ਨੂੰ ਇਸ ਨਿਸ਼ਾਨੇ ਲਈ ਤਿਆਰ ਕਰਨਾ ਹੈ। ਕਮਿਊਨਿਸਟ ਪਾਰਟੀ ਦਾ ਕੰਮ ਲੋਕਾਂ ਅੱਗੇ ਇਹ ਸਾਬਤ ਕਰਨਾ ਹੈ ਕਿ ਉਹ ਤੇ ਸਿਰਫ਼ ਉਹ ਹੀ ਇਸ ਸਾਰੇ ਕਾਰਜ ਨੂੰ ਨੇਪਰੇ ਚਾੜ੍ਹ ਸਕਦੇ ਹਨ। ਆਪਣੇ ਸੀਮਤ ਸਾਧਨਾਂ ਦੀ ਵਿਉਂਤਬੰਦੀ, ਦੇਸ਼ ਦੀ ਸਿਆਸਤ ਦੀ ਸੂਝ ਅਤੇ ਦਿਸ਼ਾ ਪ੍ਰਦਾਨ ਕਰਨੀ ਸਾਰਿਆਂ ਨਾਲੋਂ ਉਤਲੇ ਅਦਾਰੇ ਦੀ ਜ਼ਿੰਮੇਵਾਰੀ ਹੈ। ਚੇਤਨਾ ਦੇ ਸਾਰੇ ਪੜਾਵਾਂ ਤੋਂ ਲੰਘਣਾ ਜ਼ਰੂਰੀ ਹੈ। ਕਮਿਊਨਿਸਟ ਵਿਚਾਰਧਾਰਾ ਵਾਲੇ ਲੋਕਾਂ ਨੂੰ ਇਹਨਾਂ ਪੜਾਵਾਂ ਦਾ ਧਿਆਨ ਰੱਖਕੇ ਆਪਣੀਆਂ ਸਰਗਰਮੀਆਂ ਵਿੱਢਣੀਆਂ ਚਾਹੀਦੀਆਂ ਹਨ। ਤਰਕਸ਼ੀਲ ਸਮਾਗਮ, ਅਵਾਮੀ ਜਥੇਬੰਦੀਆਂ ਦੇ ਸਮਾਗਮ, ਸਾਹਿਤ ਅਤੇ ਸਭਿਆਚਾਰਕ ਸਮਾਗਮ, ਪਾਰਟੀ ਕਾਨਫਰੰਸਾਂ, ਇਹ ਚੇਤਨਾ ਦੇ ਸਫ਼ਰ ਦੇ ਅਮਲੀ ਰੂਪ ਹਨ। ਸਭ ਵੱਲ ਬਰਾਬਰ ਦਾ ਧਿਆਨ ਦੇਣਾ ਜ਼ਰੂਰੀ ਹੈ। ਇਹਨਾਂ ਨੂੰ ਆਪਸ ਵਿਚ ਜੋੜਨਾ ਲੀਡਰਸ਼ਿਪ ਦਾ ਕੰਮ ਅਤੇ ਜ਼ਿੰਮੇਵਾਰੀ ਹੈ।